EP482860565IN

ਨਵੀਂ ਡਾਕ/ਮਿਤੀ 11/9/18 ਬਾ ਹੁਕਮ

ਸੇਵਾ ਵਿਖੇ

ਮਾਨਯੋਗ ਸ. ਨਵਜੋਤ ਸਿੰਘ ਸਿੱਧੂ ਸਾਹਿਬ,
ਮੰਤਰੀ ਲੋਕਲ ਬਾਡੀਜ਼,
ਪੰਜਾਬ, ਚੰਡੀਗੜ੍ਹ।

ਨਿੱਜੀ ਸਕੱਤਰ
ਸੀ.ਈ ਸਥਾਨਕ ਸਰਕਾਰ ਪੰਜਾਬ

ਵਿਸ਼ਾ:- ਸਰਕਾਰ ਵਲੋਂ ਪਾਈ ਸੀਵਰੇਜ਼ ਲਾਇਨ ਪੁੱਟਣ ਪਿਛੋਂ ਨਿਸ਼ਾਨਦੇਹੀ ਕਰਵਾਉਣ ਸਬੰਧੀ।

ਹਵਾਲਾ:- ਆਪ ਜੀ ਨੂੰ ਲਿਖੇ ਪੱਤਰ ਮਿਤੀ 26-6-2018 ਦੀ ਲਗਾਤਾਰਤਾ ਵਿੱਚ।

ਸ੍ਰੀਮਾਨ ਜੀ,

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹੋਏ ਹਵਾਲਾ ਤਹਿਤ ਪੱਤਰ ਦੀ ਇੱਕ ਕਾਪੀ ਭੇਜ ਰਹੇ ਹਾਂ। ਇਸ ਪੱਤਰ ਵਿੱਚ ਉਪਰੋਕਤ ਕੇਸ ਦੀ ਸਥਿਤੀ ਵਿਸਥਾਰ ਪੂਰਵਕ ਲਿਖੀ ਹੋਈ ਹੈ। ਇਹ ਜ਼ਮੀਨ ਜਿੱਥੇ ਸੀਵਰੇਜ਼ ਲਾਇਨ ਪੈ ਚੁੱਕੀ ਹੈ ਅਸਲ ਵਿੱਚ ਰੂਪਨਗਰ ਸ਼ਹਿਰ ਅਤੇ ਪਿੰਡ ਹਵੇਲੀ ਕਲਾਂ ਦੀਆਂ ਹੱਦਾਂ ਦੇ ਵਿਚਕਾਰ ਸਰਪਲਸ ਥਾਂ ਹੈ ਜਿਸ ਦੀ ਮਲਕੀਅਤ ਨਗਰ ਕੌਂਸਲ ਰੂਪਨਗਰ ਦੀ ਹੈ। ਇਸ ਜ਼ਮੀਨ (ਅਨਅਪਰੂਵਡ ਕਾਲੋਨੀ) ਦੇ ਪ੍ਰਾਪਰਟੀ ਡੀਲਰ ਨੇ ਇੱਕ ਪਲਾਟ ਮਾਲਕ ਜ਼ਮੀਨ ਦੀ ਪਤਨੀ ਦੇ ਨਾਂ ਗਲਤ ਤੱਥ ਪੇਸ਼ ਕਰਕੇ ਰਜਿਸਟਰੀ ਰਾਹੀਂ ਵੇਚ ਦਿੱਤਾ ਹੈ। ਉਹ (ਖਰੀਦਦਾਰ) ਇਸ ਥਾਂ ਜਿੱਥੇ ਸੀਵਰੇਜ਼ ਪੈ ਚੁਕਿਆ ਹੈ ਅਤੇ ਚਾਲੂ ਹਾਲਤ ਵਿੱਚ ਹੈ ਨੂੰ ਆਪਣੇ ਪਲਾਟ ਦਾ ਇੱਕ ਹਿੱਸਾ ਦਸ ਰਿਹਾ ਹੈ। ਇਹ ਪਲਾਟ ਕੁੱਝ ਮਕਾਨਾਂ ਦੇ ਪਿੱਛੇ ਸਰਪਲਸ ਥਾਂ (ਹੁਣ ਬੈਕ ਲੇਨ) ਦੇ ਨਾਲ ਸਥਿਤ ਹੈ ਜਿਸ ਕਰਕੇ ਇੱਥੇ ਸੀਵਰੇਜ਼ ਲਾਇਨ ਦੋ ਸਾਲ ਪਹਿਲਾ ਪਾਈ ਜਾ ਚੁੱਕੀ ਹੈ ਪਰ ਗਲੀ ਵਿੱਚ ਟਾਇਲਾਂ ਲਾਉਣ ਦਾ ਕੰਮ ਰੋਕਣ ਮਗਰੋਂ ਨਿਸ਼ਾਨਦੇਹੀ ਕਰਵਾਉਣ, ਪ੍ਰਾਪਰਟੀ ਡੀਲਰ ਦੀ ਜ਼ਮੀਨ ਪੂਰੀ ਕਰਕੇ ਦੋਵੇਂ ਸ਼ਹਿਰ ਅਤੇ ਪਿੰਡ ਦੀਆਂ ਹੱਦਾਂ ਨਿਸ਼ਚਿਤ ਕਰਨ ਲਈ ਨਗਰ ਕੌਂਸ਼ਲ ਵਲੋਂ ਮਿਤੀ 20-12-2016 ਨੂੰ ਤਹਿਸੀਲਦਾਰ ਰੂਪਨਗਰ ਨੂੰ ਪੱਤਰ ਲਿਖਿਆ ਗਿਆ ਸੀ। ਜਿਸ ਦੀ ਨਿਸ਼ਾਨਦੇਹੀ ਅਜੇ ਤਕ ਉਪਰੋਕਤ ਲਿਖੇ ਪੱਤਰ ਅਨੁਸਾਰ ਨਹੀਂ ਕੀਤੀ ਗਈ। ਨਿਸ਼ਾਨਦੇਹੀ ਕਰਵਾਉਣ ਦਾ ਕੰਮ ਅਜੇ ਲਗਭਗ 2 ਸਾਲ ਹੋਣ ਮਗਰੋਂ ਵੀ ਲਟਕ ਰਿਹਾ ਹੈ।

ਇਸ ਲਈ ਆਪ ਜੀ ਦੇ ਨਿੱਜੀ ਧਿਆਨ ਹਿੱਤ ਬੇਨਤੀ ਹੈ ਕਿ ਉਪਰੋਕਤ ਕੇਸ ਵਿੱਚ ਨਿਸ਼ਾਨਦੇਹੀ ਕਰਵਾਉਣ ਅਤੇ ਨਗਰ ਕੌਂਸਲ ਦੀ ਹੋਰ ਜ਼ਮੀਨ ਕਢਵਾਉਣ ਲਈ ਨਗਰ ਕੌਂਸਲ, ਰੂਪਨਗਰ ਨੂੰ ਤੁਰੰਤ ਲੋੜੀਂਦੀ ਕਾਰਵਾਈ ਕਰਨ ਲਈ ਨਿਰਦੇਸ਼ ਜਾਰੀ ਕੀਤੇ ਜਾਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

ਮਿਤੀ: 28/8/2018

ਆਪ ਜੀ ਦੇ ਵਿਸ਼ਵਾਸਪਾਤਰ
ਗਲੀ/ਮੁਹੱਲਾ ਨਿਵਾਸੀ,

ਨੱਥੀ:- ਇੱਕ ਕਾਪੀ
(2 ਸ਼ੀਟ)

7533
11-9-18

1. ਹਰਜਿੰਦਰ ਸਿੰਘ ਬਾਵਾ ਵਾਸੀ ਮਕਾਨ ਨੰ. 4796/3, ਹਵੇਲੀ ਕਲਾਂ ਰੋਡ, ਰੋਪੜ ਮੋਬਾ. 98725-33240
2. ਬਲਦੇਵ ਸਿੰਘ ਨੰ. 4796/4 ਹਵੇਲੀ ਕਲਾਂ ਰੋਡ, ਰੋਪੜ ਮੋਬਾ. 98887-36978
3. ਓਮ ਪ੍ਰਕਾਸ਼ ਅਰੋੜਾ 94175-62398
4. Balinderjit Singh
5. Karamjit Singh No. 4796/2
6. Pallwinder Singh #90, Ram Kishan Colony

## ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ
## ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।

ਪਿੱਠ ਅੰਕਣ ਨੰ: ਪਵਸਸਬ-2018/ਵ-3/ 17221 ਮਿਤੀ: 21/9/18

ਉਪਰੋਕਤ ਦੀ ਨਕਲ ਸਮੇਤ ਸਹਿਲੱਗ ਮੁੱਖ ਇੰਜੀਨੀਅਰ(ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਲਿਖ ਦਿੱਤਾ ਜਾਵੇ ਕਿ ਉਕਤ ਵਿਸੇ ਅੰਕਿਤ ਮਾਮਲੇ ਤੇ ਲੋੜੀਦੀ ਕਾਰਵਾਈ ਕਰਦੇ ਹੋਏ ਢੁਕਵਾਂ ਜਵਾਬ ਸਬੰਧਤ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਵੀ ਭੇਜੀ ਜਾਵੇ ਤਾਂ ਜੋ ਉਸੇ ਅਨੁਸਾਰ ਸਰਕਾਰ ਨੂੰ ਜਵਾਬ ਭੇਜਿਆ ਜਾ ਸਕੇ।

ਨੱਥੀ/ਉਕਤ ਅਨੁਸਾਰ

ਨਿਗਰਾਨ ਇੰਜੀਨੀਅਰ (ਤ)